brampton.ca BRAMPTON Flower City

media release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਕਮੇਟੀ ਆਫ ਕਾਉਂਸਿਲ ਨੇ ਡਾਉਨਟਾਉਨ ਬ੍ਰੈਂਪਟਨ ਨੂੰ ਵਧਾਉਣ ਲਈ ਤਿੰਨ ਪਰਿਵਰਤਨਕਾਰੀ ਪਹਿਲਕਦਮੀਆਂ ਨੂੰ ਮਨਜ਼ੂਰੀ ਦਿੱਤੀ

ਬ੍ਰੈਂਪਟਨ, ਓਨਟੈਰੀਓ (15 ਮਈ, 2019) – ਅੱਜ ਕਮੇਟੀ ਆਫ ਕਾਉਂਸਿਲ (Committee of Council) ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਸਰਬ ਸੰਮਤੀ ਨਾਲ ਤਿੰਨ ਵੱਡੇ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਦੀ ਮਨਜ਼ੂਰੀ ਦਿੱਤੀ। ਇਹ ਪ੍ਰੋਜੈਕਟ ਡਾਉਨਟਾਉਨ ਦੇ ਪੁਨਰ ਨਿਰਮਾਣ ਨੂੰ ਅੱਗੇ ਵਧਾਉਣਗੇ ਅਤੇ ਸਿਟੀ ਦੇ ਕੇਂਦਰ ਵਿੱਚ ਨਵੇਂ ਵਿਕਾਸ ਵਿੱਚ ਵਾਧਾ ਕਰਨਗੇ। 2040 ਵਿਜਨ (2040 Vision) ਅਤੇ ਟਰਮ ਆਫ ਕਾਉਂਸਿਲ ਪ੍ਰਾਇਰਟੀਜ 'ਤੇ ਅਧਾਰਿਤ, ਇਹ ਪਹਿਲਕਦਮੀਆਂ ਪੂਰੇ ਭਾਈਚਾਰੇ ਬਣਾਉਣ, ਆਰਥਿਕ ਸੰਭਾਵਨਾਵਾਂ ਨੂੰ ਖੋਲ੍ਹਣ ਅਤੇ ਇਨੋਵੇਸ਼ਨ ਕੋਰੀਡੋਰ (Innovation Corridor) 'ਤੇ ਬ੍ਰੈਂਪਟਨ ਦੀ ਬੇਜੋੜ ਸਥਿਤੀ ਨੂੰ ਸਮਰਥਨ ਦੇਣ ਦੇ ਸਿਟੀ ਦੇ ਯਤਨਾਂ ਤੇ ਧਿਆਨ ਕੇਂਦਰਿਤ ਕਰਨਗੀਆਂ।

**ਸੈਂਟਰ ਫਾਰ ਇਨੋਵੇਸ਼ਨ (ਸੀ.ਐਫ.ਆਈ.) (Centre for Innovation) (CFI)**: ਬ੍ਰੈਂਪਟਨ ਦਾ ਸੈਂਟਰ ਫਾਰ ਇਨੋਵੇਸ਼ਨ ਨਵੀਂ ਸੈਂਟਰਲ ਲਾਇਬ੍ਰੇਰੀ ਪੇਸ਼ ਕਰਨ ਵਾਲੀ ਇੱਕ ਉੱਚ ਕੋਟੀ ਦੀ ਗੇਟਵੇ ਬਿਲਡਿੰਗ ਹੋਵੇਗੀ। ਇਹ ਡਿਜੀਟਲ ਨਿਰਮਾਣ, ਪ੍ਰੋਗਰਾਮਿੰਗ, ਪ੍ਰਦਰਸ਼ਨ ਅਤੇ ਔਡੀਓ ਰਿਕਾਰਡਿੰਗ, ਕਈ ਯੋਗਤਾਵਾਂ ਲਈ ਸਹਾਇਕ ਤਕਨੀਕਾਂ ਅਤੇ ਸੱਭਿਆਚਾਰਕ ਦਿਨਾਂ ਲਈ ਮੌਕੇ ਮੁਹੱਈਆ ਕਰੇਗੀ। ਲਾਇਬ੍ਰੇਰੀ, ਨਿਵਾਸੀਆਂ ਅਤੇ ਭਾਈਚਾਰਕ ਸਾਂਝੇਦਾਰਾਂ ਨੂੰ ਸ਼ਾਮਲ ਕਰਨ ਲਈ ਲਚਕੀਲੇ ਔਫਿਸ ਸਪੇਸ ਮੁਹੱਈਆ ਕਰੇਗੀ। ਸੀ.ਐਫ.ਆਈ. (CFI) ਸਿਟੀ ਤੋਂ ਡਾਉਨਟਾਉਨ ਬ੍ਰੈਂਪਟਨ ਗੋ ਸਟੇਸ਼ਨ (Downtown Brampton GO station) ਆਉਣ-ਜਾਣ ਵਾਲੇ ਟ੍ਰੇਨ ਦੇ ਯਾਤਰੀਆਂ ਲਈ ਇੱਕ ਲੈਂਡਮਾਰਕ (ਸੀਮਾ ਚਿੰਨ੍ਹ) ਹੋਵੇਗਾ। ਸਿਟੀ ਬਿਲਡਿੰਗ ਦੀ ਪ੍ਰੋਗਰਾਮਿੰਗ ਨਿਰਧਾਰਤ ਕਰਨ ਲਈ ਭਾਈਚਾਰਕ ਸਾਂਝੇਦਾਰਾਂ ਅਤੇ ਮੁੱਖ ਸਟੇਕਹੋਲਡਰਾਂ ਨਾਲ ਕੰਮ ਕਰੇਗੀ ਅਤੇ ਫਿਰ ਟੈਂਡਰ ਫੇਜ ਵੱਲ ਅੱਗੇ ਵਧੇਗੀ। 2018 ਵਿੱਚ ਛੇ ਆਰਕੀਟੈਕਚਰ ਫਰਮਾਂ ਇਸ ਰੋਮਾਂਚਕ ਪ੍ਰੋਜੈਕਟ ਲਈ ਡਿਜ਼ਾਈਨ ਸੇਵਾਵਾਂ ਲਈ ਪੂਰਵ-ਯੋਗ (pre-qualified for design services) ਸਨ।

**ਡਾਉਨਟਾਉਨ ਬ੍ਰੈਂਪਟਨ ਟ੍ਰਾਂਜ਼ਿਟ ਟਰਮੀਨਲ (Downtown Brampton Transit Terminal)**: ਕਮੇਟੀ ਆਫ ਕਾਉਂਸਿਲ ਦਾ ਫ਼ੈਸਲਾ ਇਸ ਬਾਰੇ ਜਾਂਚ-ਪੜਤਾਲ ਕਰੇਗਾ ਕਿ ਜੇਕਰ ਉਹ ਮੌਜੂਦਾ ਡਾਉਨਟਾਉਨ ਟ੍ਰਾਂਜ਼ਿਟ ਟਰਮੀਨਲ (ਜੋ ਕਿ ਇਸ ਸਮੇਂ ਪੂਰੀ ਸਮਰੱਥਾ ਵਿੱਚ ਚੱਲ ਰਿਹਾ ਹੈ), ਦਾ ਵਿਸਤਾਰ, ਸੀ.ਐਫ.ਆਈ. ਅਤੇ ਸਮੁੱਚੀ ਸਾਈਟ, ਜਿਸ ਵਿੱਚ 8 ਨੈਲਸਨ ਸਟ੍ਰੀਟ ਵੈਸਟ (8 Nelson Street West) ਅਤੇ 14 ਨੈਲਸਨ ਸਟ੍ਰੀਟ ਵੈਸਟ (14 Nelson Street West) ਸ਼ਾਮਲ ਹਨ, ਨਾਲ ਮਿਲਕੇ ਕਰਨ ਤਾਂ ਇਹ ਕਿਸ ਤਰ੍ਹਾਂ ਕੰਮ ਕਰੇਗਾ। ਬ੍ਰੈਂਪਟਨ ਦੇ ਨਿਵਾਸੀਆਂ ਲਈ ਡਾਉਨਟਾਉਨ ਨੂੰ ਖੋਲ੍ਹਣ ਅਤੇ ਟ੍ਰਾਂਜ਼ਿਟ ਲੋੜਾਂ ਦਾ ਸਮਰਥਨ ਕਰਨ ਲਈ, ਸਿਟੀ ਬਿਹਤਰ ਰੂਪਰੇਖਾ ਅਤੇ ਭਵਿੱਖੀ ਟ੍ਰਾਂਜ਼ਿਟ ਹੱਬ ਦਾ ਸਥਾਨ ਨਿਰਧਾਰਤ ਕਰਨ ਲਈ ਇੱਕ ਅਧਿਐਨ ਕਰੇਗੀ।

**ਹੁਰੋਨਟੈਰੀਓ ਮੇਨ ਲਾਈਟ ਰੇਲ ਟ੍ਰਾਂਜ਼ਿਟ (ਐਚ.ਐਮ.ਐਲ.ਆਰ.ਟੀ.) Hurontario Main Light Rail Transit (HMLRT)**: ਸਿਟੀ ਕਈ ਤਰ੍ਹਾਂ ਦੇ ਟ੍ਰਾਂਜ਼ਿਟ ਮੌਕਿਆਂ ਨੂੰ ਸ਼ਾਮਲ ਕਰਨ ਲਈ ਵਾਤਾਵਰਣ ਸਬੰਧੀ ਵਰਤਮਾਨ ਮੁਲਾਂਕਣ ਨੂੰ ਅੱਪਡੇਟ ਕਰੇਗੀ। ਇਹਨਾਂ ਮੌਕਿਆਂ ਵਿੱਚ ਸ਼ਾਮਲ ਹਨ: ਅਸਲੀ ਹੁਰੋਨਟੈਰੀਓ ਮੇਨ ਲਾਈਟ ਰੇਲ ਟ੍ਰਾਂਜ਼ਿਟ (Hurontario-Main Light Rail Transit) ਲਈ ਮਨਜ਼ੂਰ ਰੂਟ; ਮੇਨ-ਜੌਰਜ ਵਨ-ਵੇ ਲੂਪ (Main-George One-Way Loop); ਅੰਡਰਗ੍ਰਾਊਂਡ ਟਨਲਿੰਗ ਵਿਕਲਪ; ਜਿੱਥੇ ਸੰਭਵ ਹੋਵੇ, ਡਾਉਨਟਾਉਨ ਰੀਇਮੈਜਨਿਡ (Downtown Reimagined) ਲਈ ਵਧੀ ਹੋਈ ਸਟ੍ਰੀਟਸਕੇਪਿੰਗ ਦੇ ਤੱਤ ਸ਼ਾਮਲ ਕਰਨਾ। ਸੀ.ਐਫ.ਆਈ. ਦਾ ਪ੍ਰਸਤਾਵਿਤ ਸਥਾਨ ਅਤੇ ਵਿਕਾਸ, ਮੇਨ ਸਟ੍ਰੀਟ ਨੌਰਥ ਰਾਈਟ-ਆਫ-ਵੇ (Main Street North Right-of-Way) ਦੇ ਅੰਦਰ ਐਲ.ਆਰ.ਟੀ. (LRT) ਰੂਟ ਦੀ ਸੰਭਾਵਨਾ ਨੂੰ ਸ਼ਾਮਲ ਕਰਦਾ ਹੈ। ਐਲ.ਆਰ.ਟੀ. ਰੂਟਾਂ ਦੀ ਰੂਪਰੇਖਾ ਤੇ ਸੀ.ਐਫ.ਆਈ. ਦੇ ਪ੍ਰਸਤਾਵਿਤ ਸਥਾਨ ਦਾ ਅਸਰ ਨਹੀਂ ਪਵੇਗਾ।

The Corporation of The City of Brampton
2 Wellington Street West, Brampton, ON L6Y 4R2 3-1-1 TTY: 905.874.2130

**BRAMPTON** Flower City brampton.ca

**media release**

ਲਿੰਕ

- [ਡਾਊਨਟਾਊਨ ਬ੍ਰੈਂਪਟਨ ਦੀ ਸੰਭਾਵਨਾ ਨੂੰ ਖੋਲ੍ਹਣਾ – ਸੰਕਲਪਕ ਵੀਡੀਓ (Unlocking Downtown Brampton's potential: Conceptual Video)]

**ਹਵਾਲਾ**

"ਅੱਜ ਦੇ ਫ਼ੈਸਲੇ ਅਤੇ ਸਬੰਧਿਤ ਵਿਕਾਸ, ਬ੍ਰੈਂਪਟਨ ਲਈ ਸਭ ਰੋਮਾਂਚਕ ਅਤੇ ਪਰਿਵਰਤਨਕਾਰੀ ਪਹਿਲਕਦਮੀਆਂ ਹਨ। ਇਹ ਮਜ਼ਬੂਤੀ ਨਾਲ ਇਸ ਕਾਉਂਸਿਲ ਦੀਆਂ ਤਰਜੀਹਾਂ ਅਤੇ ਉਸ ਵਿਜਨ ਨਾਲ ਜੁੜੀਆਂ ਹੋਈਆਂ ਹਨ, ਜੋ ਸਾਡੇ ਨਿਵਾਸੀਆਂ ਨੇ ਵੱਧ ਜੁੜੀ ਹੋਈ ਸਿਟੀ ਬਾਰੇ ਸਾਂਝਾ ਕੀਤਾ ਹੈ। ਰਾਇਰਸਨ (Ryerson) ਅਤੇ ਅਲਗੋਮਾ (Algoma) ਯੂਨੀਵਰਸਿਟੀਆਂ ਲਈ ਸਾਡੀਆਂ ਲਗਾਤਾਰ ਸਾਂਝੇਦਾਰੀਆਂ ਮੌਕਿਆਂ ਦੇ ਅਜਿਹੇ ਸ਼ਹਿਰ ਦੇ ਨਿਰਮਾਣ ਵਿੱਚ ਨਿਵੇਸ਼ ਹਨ, ਜੋ ਠੋਸ ਰਚਨਾਤਮਕ, ਨਵੀਨਤਾਕਾਰੀ ਅਤੇ ਉੱਦਮੀ ਵਾਤਾਵਰਨ ਦਾ ਸਮਰਥਨ ਕਰਨਗੇ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca